# ਇਕ ਪਾਸੇ ਦੀ ਸੁਣਨ ਸ਼ਕਤੀ ਦੇ ਨੁਕਸਾਨ ਲਈ ਪਰਿਵਾਰ ਦਾ ਰਸਤਾ





## ਬੱਚੇ ਦਾ ਜਨਮ

### ਸੁਣਨ ਸ਼ਕਤੀ ਦੀ ਪਹਿਲੀ ਜਾਂਚ

- ਜਾਂ ਹਸਪਤਾਲ ਵਿੱਚ ਹੋ ਸਕਦੀ ਹੈ ਜਾਂ ਕਮਿਊਨਟੀ ਵਿੱਚ
- ਜੇ ਨਤੀਜੇ ਸਪਸ਼ਟ ਨਾ ਹੋਣ ਤਾਂ ਬੱਚੇ ਨੂੰ ਦੂਸਰੀ ਜਾਂਚ ਲਈ ਭੇਜਿਆ ਜਾਂਦਾ ਹੈ।
- ਉਹਨਾਂ ਬੱਚਿਆਂ ਦੀ ਸੁਣਨ ਸ਼ਕਤੀ ਦੀ ਸਥਾਨਕ ਪਬਲਿਕ ਹੈੱਲਥ ਹੀਅਰਿੰਗ ਕਲਿਨਿਕ ਵਿੱਚ ਜਾਂਚ ਹੁੰਦੀ ਹੈ ਜਿਹਨਾਂ ਬੱਚਿਆਂ ਵਿੱਚ ਬਪਚਨ ਵਿੱਚ ਬਾਅਦ ਵਿੱਚ ਸੁਣਨ ਸ਼ਕਤੀ ਦਾ ਨੁਕਸਾਨ ਹੋਣ ਦਾ ਖਤਰਾ ਹੋਵ।

### ਸੁਣਨ ਸ਼ਕਤੀ ਦੀ ਦੂਸਰੀ ਜਾਂਚ

- ਜੇ ਇਕ ਜਾਂ ਦੋਵੇਂ ਕੰਨਾਂ ਵਿੱਚ ਸੁਣਨ ਸ਼ਕਤੀ ਦੀ ਪੱਧਰ ਦੀ ਪੁਸ਼ਟੀ ਨਾ ਹੋਵੇ ਤਾਂ ਬੱਚੇ ਨੂੰ ਸੁਣਨ ਸ਼ਕਤੀ ਦੀ ਹੋਰ ਜਾਂਚ ਲਈ ਭੇਜਿਆ ਜਾਂਦਾ ਹੈ।

### ਸੁਣਨ ਸ਼ਕਤੀ ਦੀ ਘਾਟ ਦੀ ਪਛਾਣ ਕਰਨ ਲਈ ਮੁਆਇਨੇ

- ਬੱਚੇ ਦੀ ਸੁਣਨ ਸ਼ਕਤੀ ਦੀ ਮੁਕੰਮਲ ਜਾਂਚ ਕਰਨ ਲਈ ਹੋਰ ਵਿਸਤ੍ਰਿਤ ਟੈੱਸਟ ਕੀਤੇ ਜਾਂਦੇ ਹਨ।
- ਜੇ ਸੁਣਨ ਸ਼ਕਤੀ ਦੇ ਪੱਕੇ ਤੌਰ 'ਤੇ ਹੋਏ ਕਿਸੇ ਨੁਕਸਾਨ ਦਾ ਪਤਾ ਲੱਗੇ ਤਾਂ ਆਡਿਓਲੌਜਿਸਟ ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ ਦੇ ਕੋਆਰਡੀਨੇਟਰਾਂ ਨਾਲ ਰਲ ਕੇ ਕੰਮ ਕਰਦੇ ਹਨ

## 3 ਮਹੀਨੇ ਦੀ ਉਮਰ ਤੱਕ ਜਾਂ ਪਹਿਲਾਂ

### ਜੇ ਇਕ ਕੰਨ ਵਿੱਚ ਸੁਣਨ ਸ਼ਕਤੀ ਦੇ ਨੁਕਸਾਨ ਦੀ ਪੁਸ਼ਟੀ ਹੋਵੇ – ਤਾਂ ਕੀ ਹੁੰਦਾ ਹੈ?

- ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ ਪਰਿਵਾਰ ਨਾਲ ਸੰਪਰਕ ਕਰਦਾ ਹੈ ਅਤੇ ਇਕ ਕੰਨ ਵਿੱਚ ਸੁਣਨ ਸ਼ਕਤੀ ਦੇ ਨੁਕਸਾਨ, ਬੋਲਚਾਲ ਦੇ ਵਿਕਾਸ ਅਤੇ ਸੇਵਾਵਾਂ ਬਾਰੇ ਜਾਣਕਾਰੀ ਦਿੰਦਾ ਹੈ।
- ਪੈਰਵੀ ਕਰਨ ਲਈ ਜਾਰੀ ਰਹਿਣ ਵਾਲੀਆਂ ਮੈਡੀਕਲ ਅਤੇ ਆਡਿਓਲੌਜੀ ਅਪੁਆਇੰਟਮੈਂਟਾਂ

## ਸਮੱਸਿਆ ਦੀ ਪਛਾਣ ਤੋਂ ਅਗਾਂਹ

### ਇਕ ਪਾਸੇ ਦੀ ਸੁਣਨ ਸ਼ਕਤੀ ਦੇ ਨੁਕਸਾਨ ਨਾਲ ਕੀ ਹੋ ਸਕਦਾ ਹੈ

- ▲ ਜਦੋਂ ਘੱਟ ਸੁਣਨ-ਸ਼ਕਤੀ ਵਾਲੇ ਕੰਨ ਵੱਲ ਅਵਾਜ਼ ਨੂੰ ਸੇਧਿਤ ਕੀਤਾ ਜਾਵੇ ਤਾਂ ਰੌਲੇ ਦੌਰਾਨ ਸੁਣਨ ਵਿੱਚ ਮੁਸ਼ਕਿਲ
- ▲ ਇਹ ਪਤਾ ਲਾਉਣਾ ਔਖਾ ਹੋ ਸਕਦਾ ਹੈ ਕਿ ਅਵਾਜ਼ਾਂ ਕਿਸ ਪਾਸਿਓਂ ਆ ਰਹੀਆਂ ਹਨ।

### ਕੀ ਕਰਨਾ ਹੈ

- ✔ ਆਪਣੇ ਬੱਚੇ ਨਾਲ ਗੱਲ ਕਰਦੇ ਵਕਤ ਉਸ ਦੇ ਨੇੜੇ ਹੋ ਕੇ ਗੱਲ ਕਰੋ।
- ✔ ਆਪਣੇ ਆਡਿਓਲੌਜਿਸਟ ਨੂੰ ਪੁੱਛੋ ਕਿ ਬੱਚੇ ਦੀ ਸੁਣਨ-ਸ਼ਕਤੀ ਦਾ ਬਚਾਅ ਕਿਵੇਂ ਕੀਤਾ ਜਾ ਸਕਦਾ ਹੈ।
- ✔ ਆਪਣੇ ਆਡਿਓਲੌਜਿਸਟ ਨੂੰ ਪੁੱਛੋ ਕਿ ਕੀ ਸੁਣਨ ਵਾਲੇ ਯੰਤਰਾਂ ਨਾਲ ਕੋਈ ਫਾਇਦਾ ਹੋ ਸਕਦਾ ਹੈ।
- ✔ ਜੇ ਤੁਹਾਨੂੰ ਸੁਣਨ-ਸ਼ਕਤੀ ਵਿੱਚ ਕਿਸੇ ਤਬਦੀਲੀ ਜਾਂ ਕੰਨ ਦੀ ਇਨਫੈਕਸ਼ਨ ਹੋਣ ਦਾ ਸ਼ੱਕ ਪਵੇ ਤਾਂ ਆਪਣੇ ਡਾਕਟਰ ਜਾਂ ਆਡਿਓਲੌਜਿਸਟ ਕੋਲ ਜਾਓ। ਹੋਰ ਜਾਣਕਾਰੀ ਲਈ ਆਪਣੇ ਡਾਕਟਰ ਅਤੇ ਆਡਿਓਲੌਜਿਸਟ ਨੂੰ ਪੁੱਛੋ।
- ✔ ਇਹ ਪੱਕਾ ਕਰੋ ਕਿ ਤੁਹਾਡੇ ਬੱਚੇ ਦਾ ਅਗੇਤਾ ਸੰਚਾਰ (ਅਰਲੀ ਕਮਿਊਨੀਕੇਸ਼ਨ) ਸਹੀ ਲੀਹ ਉੱਤੇ ਹੈ। ਜੇ ਤੁਹਾਨੂੰ ਕੋਈ ਫਿਕਰ ਹੋਵੇ ਜਾਂ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੋਵੇ ਤਾਂ ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ ਦੀ ਇਨਟਰਵੈਨਸ਼ਨ ਕੋਆਰਡੀਨੇਸ਼ਨ ਨੂੰ 1-866-612-2347 'ਤੇ ਫੋਨ ਕਰੋ ਜਾਂ bcehp@phsa.ca 'ਤੇ ਈ ਮੇਲ ਕਰੋ।

## ਕਿਸੇ ਵੀ ਸਮੇਂ

### ਕਿਸੇ ਵੀ ਸਮੇਂ ਢੁਕਵੀਂਆਂ ਕਮਿਊਨਟੀ ਆਧਾਰਿਤ ਸੇਵਾਵਾਂ 'ਤੇ ਵਿਚਾਰ ਕੀਤਾ ਜਾ ਸਕਦਾ ਹੈ:

- ਜੇ ਤੁਹਾਨੂੰ ਜਾਂ ਪਰਿਵਾਰ ਦੇ ਕਿਸੇ ਹੋਰ ਮੈਂਬਰ ਨੂੰ ਕੋਈ ਫਿਕਰ ਹੋਵੇ
- ਜੇ ਆਡਿਓਲੌਜਿਸਟ ਜਾਂ ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ ਦੇ ਕੋਆਰਡੀਨੇਟਰ ਨੇ ਅਜਿਹਾ ਕਰਨ ਦੀ ਸਲਾਹ ਦਿੱਤੀ ਹੋਵੇ

### ਕਿਸੇ ਵੀ ਸਮੇਂ ਹੋਰ ਸੂਬਾਈ ਸੇਵਾਵਾਂ 'ਤੇ ਵਿਚਾਰ ਕੀਤਾ ਜਾ ਸਕਦਾ ਹੈ।

ਇਨ੍ਹਾਂ ਸੇਵਾਵਾਂ ਦੀਆਂ ਉਦਾਹਰਣਾਂ ਵਿਚ ਸ਼ਾਮਲ ਹੋ ਸਕਦੀਆਂ ਹਨ:

- ਵਿਕਾਸ ਬਾਰੇ ਜ਼ਿਆਦਾ ਡੂੰਘਾਈ ਵਿਚ ਅਨੁਮਾਨ ਲਾਉਣ ਲਈ ਸਨੀ ਹਿੱਲ ਹੀਅਰਿੰਗ ਲੌਸ ਟੀਮ ਕੋਲ ਭੇਜਣਾ
- ਪ੍ਰੋਫੈਸ਼ਨਲ ਕੌਂਸਲਰਾਂ ਵਲੋਂ ਪਰਿਵਾਰ ਦੀ ਮਦਦ ਲਈ ਵੈੱਲ-ਬੀਇੰਗ ਪ੍ਰੋਗਰਾਮ ਕੋਲ ਭੇਜਣਾ (ਬੀ ਸੀ ਭਰ ਵਿੱਚ ਪਰਿਵਾਰਾਂ ਲਈ ਉਪਲਬਧ ਹੈ)



## BC Early Hearing Program

A service of BC Children's Hospital
and the Provincial Health Services Authority

Provincial Health Services Authority
Province-wide solutions.
Better health.

ਜ਼ਿਆਦਾ ਜਾਣਕਾਰੀ ਲਈ, ਬੀ ਸੀ ਈ ਐੱਚ ਪੀ ਦੇ ਸੂਬਾਈ ਦਫਤਰ ਨਾਲ
1-888-612-2347 'ਤੇ ਮੁਫਤ ਸੰਪਰਕ ਕਰੋ।

www.phsa.ca/earlyhearing

Punjabi